# ਦਫ਼ਤਰ ਸਟੇਟ ਪ੍ਰੋਜੈਕਟ ਡਇਰੈਕਟਰ ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ

**ਐਸ.ਸੀ.ਓ. ਨੰ: 104-106, ਦੂਜੀ-ਤੀਜੀ ਮੰਜ਼ਿਲ, ਸੈਕਟਰ-34ਏ, ਚੰਡੀਗੜ੍ਹ।**

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.)
ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)
ਪੰਜਾਬ।

ਮੀਮੋ ਨੰ:SSA/GE/Voc.Edu./2011-12/92264-92303
ਮਿਤੀ: 29.11.2011

**ਵਿਸ਼ਾ:** **ਸਾਲ 2011-12 ਦੌਰਾਨ ਸਰਵ ਸਿੱਖਿਆ ਅਭਿਆਨ ਪੰਜਾਬ ਅਧੀਨ ਐਸ.ਸੀ./ਐਸ.ਟੀ. ਕੰਪੋਨੈਂਟ ਹੇਠ ਚੱਲ ਰਹੀ ਵੋਕੇਸ਼ਨਲ ਸਿੱਖਿਆ ਸੰਬੰਧੀ ਦਿਸ਼ਾ ਨਿਰਦੇਸ਼।**

**ਹਵਾਲਾ:** **ਇਸ ਦਫ਼ਤਰ ਦਾ ਪੱਤਰ ਨੰ: 1/SSA/SC Edu./2011/21597-21636 ਮਿਤੀ 25.04.2011 ਦੀ ਲਗਾਤਾਰਤਾ ਵਿੱਚ।**

ਸਾਲ 2011-12 ਦੌਰਾਨ ਸਰਵ ਸਿੱਖਿਆ ਅਭਿਆਨ ਪੰਜਾਬ ਅਧੀਨ ਐਸ.ਸੀ./ਐਸ.ਟੀ. ਕੰਪੋਨੈਂਟ ਹੇਠ ਚੱਲ ਰਹੀ ਵੋਕੇਸ਼ਨਲ ਸਿੱਖਿਆ ਸੰਬੰਧੀ ਦਿਸ਼ਾ ਨਿਰਦੇਸ਼ ਹੇਠ ਅਨੁਸਾਰ ਹਨ:-

1. **ਵੋਕੇਸ਼ਨਲ ਐਜੂਕੇਸ਼ਨ ਦੇ ਪੀਰੀਅਡ:-**

- ਇਹ ਇੱਕ optional ਵਿਸ਼ਾ ਹੋਵੇਗਾ। 6ਵੀਂ ਤੋਂ 8ਵੀਂ ਤੱਕ ਹਰੇਕ ਜਮਾਤ ਲਈ ਹਫ਼ਤੇ ਵਿਚ 2-2 ਪੀਰੀਅਡ ਲਗਾਏ ਜਾਣਗੇ।
- ਇਹ ਸਿਖਲਾਈ ਸਿਰਫ਼ 06 ਮਹੀਨੇ ਲਈ ਹੀ ਹਰੇਕ ਚੁਣੇ ਹੋਏ ਸਕੂਲ ਵਿਚ ਦਿੱਤੀ ਜਾਵੇਗੀ।

2. **ਵੋਕੇਸ਼ਨਲ ਵੋਲੰਟੀਅਰ ਦੀ ਨਿਯੁਕਤੀ ਸੰਬੰਧੀ ਵੇਰਵਾ:-**

**(ੳ) ਨਿਯੁਕਤੀ ਕਰਨ ਦਾ ਤਰੀਕਾ:-**

**(I)** ਇਸ ਸਕੀਮ ਹੇਠ ਜੋ ਵਲੰਟੀਅਰ ਪਹਿਲਾਂ ਤੋਂ ਕੰਮ ਕਰ ਰਿਹਾ ਹੈ ਉਸਦੀ ਕਾਰਗੁਜਾਰੀ ਠੀਕ ਹੋਣ ਦੀ ਸੂਰਤ ਵਿਚ ਅਗਲੇ ਸਾਲ ਵੀ ਉਸੇ ਨੂੰ ਹੀ ਰੱਖਿਆ ਜਾਵੇਗਾ। ਜੇ ਕਿਸੇ ਵੋਲੰਟੀਅਰ ਦੀ ਕਾਰਗੁਜਾਰੀ ਠੀਕ ਨਾ ਹੋਣ ਕਾਰਣ ਉਸਨੂੰ ਕੱਢਿਆ ਜਾਂਦਾ ਹੈ ਤਾਂ ਹੋਰ ਯੋਗਤਾਵਾਂ ਸਮਾਨ ਰੱਖਣ ਦੀ ਸੂਰਤ ਵਿਚ ਉਸ ਕਪੈਸਟੀ ਵਿਚ ਪਹਿਲਾਂ ਹੀ ਕੀਤੇ ਕੰਮ ਵਾਲੇ ਉਮੀਦਵਾਰ ਨੂੰ ਤਰਜੀਹ ਦਿੱਤੀ ਜਾਵੇਗੀ।

**(II) ਯੋਗਤਾ :-**

ਉਮੀਦਵਾਰ ਕੋਲ ITI Diploma ਜਾਂ ਹੋਰ ਸਿਲਾਈ-ਕਢਾਈ ਦਾ ਬਰਾਬਰ ਦਾ ਡਿਪੋਲਮਾ ਹੋਵੇ ਜਾਂ ਵੋਕੇਸ਼ਨਲ ਵਿਸ਼ੇ ਅਧੀਨ +2 Commercial Garment Making ਵਿਸ਼ਾ ਪਾਸ ਕੀਤਾ ਹੋਵੇ। ਜੇ ਇਸ ਤਰ੍ਹਾਂ ਦਾ ਉਮੀਦਵਾਰ ਨਹੀਂ ਉਪਲੱਬਧ ਹੈ ਤਾਂ ਪਿੰਡ ਦੇ ਕਿਸੇ ਯੋਗ ਤਜਰਬੇਕਾਰ ਦਰਜੀ ਦੀਆਂ ਸੇਵਾਵਾਂ ਲਈਆਂ ਜਾ ਸਕਦੀਆਂ ਹਨ।

**(III) ਉਮਰ :-** 18-42 ਸਾਲ ਹੋਵੇਗੀ।

**(ਅ) ਮਾਣਭੱਤਾ:-** ਵੋਲੰਟੀਅਰ ਨੂੰ 750 ਰੁਪਏ ਪ੍ਰਤੀ ਮਹੀਨਾ ਮਾਣਭੱਤਾ ਦਿੱਤਾ ਜਾਵੇਗਾ। ਇਸ ਤਰ੍ਹਾਂ 06 ਮਹੀਨੇ ਲਈ ਕੁੱਲ 4500 ਰੁਪਏ ਦੀ ਰਾਸ਼ੀ ਉਸਨੂੰ ਦਿੱਤੀ ਜਾਵੇਗੀ।

3. **Raw Material ਅਤੇ repair ਦਾ ਖਰਚਾ:-**

(ੳ) ਹਰੇਕ ਸਕੂਲ ਵਿਚ Raw Material ਦੀ ਖ੍ਰੀਦ ਅਤੇ ਮਸ਼ੀਨਾਂ ਦੀ ਮੁਰੰਮਤ ਲਈ 1500 ਰੁਪਏ (06 ਮਹੀਨੇ ਲਈ) ਦਿੱਤੇ ਜਾਣਗੇ।

(ਅ) ਖਰੀਦੇ ਹੋਏ ਸਮਾਨ ਅਤੇ ਲੜਕੀਆਂ ਦੁਆਰਾ ਬਣਾਏ ਗਏ ਸਮਾਨ ਦੀ Stock entry ਕੀਤੀ ਜਾਵੇਗੀ।

4. **ਸਕੂਲ ਪੱਧਰ ਤੇ ਸਕੀਮ ਦੀ ਜਿੰਮੇਵਾਰੀ:-**

ਸੰਬੰਧਤ ਸਕੂਲ ਪ੍ਰਿੰਸੀਪਲ/ਹੈਂਡ ਟੀਚਰ ਸਕੂਲ ਵਿਚ ਇਸ ਸਕੀਮ ਨੂੰ ਸੁਚਾਰੂ ਰੂਪ ਵਿਚ ਚਲਾਉਣ ਲਈ ਜਿੰਮੇਵਾਰ ਹੋਵੇਗਾ।

5. **ਜ਼ਿਲ੍ਹਾ ਪੱਧਰ ਤੇ ਸਕੀਮ ਦਾ ਕੋਆਰਡੀਨੇਟਰ:-**

ਇਹ ਸਕੀਮ ਜੈਂਡਰ ਕੋਆਰਡੀਨੇਟਰਜ਼ ਦੁਆਰਾ ਮੋਨੀਟਰ ਕੀਤੀ ਜਾਵੇਗੀ ਅਤੇ ਇਸ ਸਕੀਮ ਨੂੰ ਠੀਕ ਢੰਗ ਨਾਲ ਲਾਗੂ ਕਰਵਾਉਣ ਦੀ ਜਿੰਮੇਵਾਰੀ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.) ਦੀ ਹੋਵੇਗੀ ਜੋ ਕਿ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ.) ਦੇ ਤਾਲਮੇਲ ਨਾਲ ਕਰਨਗੇ।

ਉਪਰੋਕਤ ਦੱਸੇ ਦਿਸ਼ਾ ਨਿਰਦੇਸ਼ਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

-ਸਹੀ-

ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ
**ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ, ਚੰਡੀਗੜ੍ਹ**